ਤ੍ਰੇਲ ਤੁਪਕੇ

੧.

(ਰਾਣਾ ਸੂਰਤ ਸਿੰਘ ਲੇਖਣੀ ਅੰਕਿਤ)

3679

...BOOK BELONGS TO ... SINGH VAID & SONS ... TARN TARAN (PUNJAB.)

ਮਾਰਚ ੧੯੨੧

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪੇ ॥

ਸਭ ਹੱਕ ਰਾਖਵੇਂ ਹਨ ।

129555
0153,1M7
153 F1

ਦੋ ਗੱਲਾਂ

੧੯੦੯ ਤੋਂ ਮਗਰੋਂ ਕਦੇ ਕਦੇ ਦੇ ਕੋਈ ਕੋਈ ਦਿਮਾਗੋਂ ਲੰਘੇ ਵਿਕੋਲਿਤ੍ਰੇ ਖਯਾਲਾਂ ਵਿੱਚੋਂ, ਜੋ ਸੁਤੇ ਸਿੱਧ ਕਵਿਤਾ ਦਾ ਜਾਮਾ ਪਹਿਨਦੇ ਤੇ ਕਲਮ ਨਾਲ ਅੰਕਿਤ ਹੁੰਦੇ ਗਏ, ਜੋ ਤੁਰਜਾਈ ਦੀ ਸੂਰਤ ਦੇ ਸਨ ਇਨ੍ਹਾਂ ਸਫ਼ਿਆਂ ਵਿੱਚ ਦਿੱਤੇ ਗਏ ਹਨ।

ਤੁਰਜਾਈ ਇੱਕ ਛੰਦਕ ਚਾਲ ਥੰਨ੍ਹਣ ਦਾ ਜਤਨ ਹੈ, ਜਿਸ ਵਿੱਚ ੧-੨-੪ ਦਾ ਤੁਕਾਂਤ ਹੈ, ਤੇ ਤੀਸਰੀ ਦ ਨਹੀਂ। ਪਹਿਲੀ ਦੂਸਰੀ ਵਿੱਚ ਖਯਾਲ ਦਾ ਉਦੈ ਤੇ ਪ੍ਰਕਾਸ਼ ਦਾ ਚੜ੍ਹਾਉ ਹੈ, ਤੀਸਰੀ ਵਿੱਚ ਉਸਦੀ ਮੋੜਵੀ ਲਹਿਰ ਹੈ, ਤੇ ਚੌਥੀ ਵਿੱਚ ਭਾਵ ਪੂਰਨਤਾ ਹੈ ਗਮਕ ਸਭਨਾਂ ਦੀ ਇੱਕ ਹੈ, ਪਰ ਮਾਤ੍ਰਾਂ ਲਿਹਾਜ਼ ਕਰਾਂ ਕਿਸੇ ਕਿਸੇ ਵਿੱਚ ਵਿਲੱਖਣਤਾ ਹੈ। ਫ਼ਾਰਸੀ ਕਵਿਤ ਵਿੱਚ ਇੱਕ ਛੰਦ ਹੈ, ਰੁਬਾਈ, ਤੁਰਜਾਈ ਦੀ ਚਾਲ ਉਸ ਵਰਗੀ ਹੈ, ਵਜ਼ਨ ਹੂ ਬਹੂ ਨਹੀਂ।

ਏਹ ਖਯਾਲ ਜੋ ਕਿਸੇ ਖਾਸ ਮਜ਼ਮੂਨ ਆਰਾਈ, ਖਾਸ ਵਿਸ਼ੇ ਵਰਨਨ ਵਾਸਤੇ ਨਹੀਂ ਲਿਖੇ ਗਏ, ਪਰ 'ਘਾਹ-ਪੱਤੀਆਂ' ਤੇ ਜਿਵੇਂ ਨਿਮਾਣੇ ਤ੍ਰੇਲ ਦੇ ਤੁਪਕੇ ਆ ਡਲ੍ਹਕਦੇ ਹਨ, ਤਿਵੇਂ ਇਨ੍ਹਾਂ ਦਾ ਪ੍ਰਕਾਸ਼ ਹੈ, 'ਤ੍ਰੇਲ ਦੇ ਸੂਰਜ ਸਮਰਪਤ ਵਜੂਦ' ਵਾਂਙੂ ਏਹ "ਸਭ ਜੋਤ ਜੋਤ ਹੈ ਸੋਇ" ਦੀ 'ਦਰਸ਼ਨ-ਤਾਂਘ' ਨੂੰ ਸਮਰਪਤ ਹਨ।

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਦੀਦਾਰ

ਹੇ ਅਸਲੀਅਤ ਇਸ ਦਿੱਸਦੇ ਦੀ,
ਸਣੂੰ ਪਰੇ ਨ ਸੱਟੇਂ ਹਾ!
ਧੁਰ ਮਰਕਜ਼ ਅਪਨੇ ਵਿਚ ਕਿਧਰੇ
ਠਾਟ ਅਸਾਡਾ ਠੱਟੇਂ ਹਾ!
ਵਿੱਥ ਕਿਸੇ ਤੇ ਰੱਖ ਜਿ ਸਾਨੂੰ
ਤੂੰ ਖਿੜਨਾ ਖੁਸ਼ ਹੋਣਾ ਸੀ,
ਦੀਦੇ ਦੇਖਣਹਾਰੇ ਦੇ ਕੇ
ਨਜ਼ਰੋਂ ਪਰੇ ਨ ਹੱਟੇਂ ਹਾ! ॥ ੧ ॥

ਅੱਖੀਆਂ

'ਅਰੂਪ ਦੇ ਦੀਦਾਰ ਦੀ ਤੜਫਨ'
ਤੋਂ ਬਨੀਆਂ ਅੱਖੀਆਂ,
ਪਰ ਰੂਪ ਦੇ ਕਰ ਸਾਮ੍ਹਣੇ
ਰੁਖ਼ ਬਾਹਰ ਦਾ ਦੇ ਰੱਖੀਆਂ;
ਦੇਖਣ ਨਜ਼ਾਰੇ ਸੋਹਿਣੇ
ਰੀਝਣ ਤੇ ਰਚ ਰਚ ਜਾਣ, ਪਰ
ਮਿਟਦੀ ਨ ਤਾਂਘ ਅਰੂਪ ਦੀ:
ਪਲ ਰੂਪ ਤੇ, ਫਿਰ ਭੁੱਖੀਆਂ ॥ ੨ ॥

ਲੱਗੀਆਂ

ਜੀ ਮੇਰੇ ਕੁਛ ਹੁੰਦਾ ਸਹੀਓ
ਉਡਦਾ ਹੱਥ ਨ ਆਵੇ,-
ਕੱਤਣ, ਤੁੰਮਣ, ਹੱਸਣ, ਖੇਡਣ,
ਖਾਵਣ ਮੂਲ ਨ ਭਾਵੇ;
ਨੈਣ ਭਰਨ, ਖਿਚ ਚੜ੍ਹੇ ਕਾਲਜੇ
ਬਉਰਾਨੀ ਹੋ ਜਾਵਾਂ,-
ਤ੍ਰਿੰਞਣ ਦੇਸ ਬਿਗਾਨਾ ਦਿੱਸੇ,
ਘਰ ਖਾਵਣ ਨੂੰ ਆਵੇ ॥ ੩ ॥

ਵਿੱਛੁੜੀਆਂ ਅੱਖਾਂ

ਅਜਕ ਅਜਕ ਭਾਦੋਂ ਜਿਉਂ ਬਰਸਨ–
ਸੁਕ ਸੁਕ ਭਰ ਭਰ ਆਵਨ,–
ਸਿਕ ਸਿਕ ਰਾਹ ਤਕਾਵਨ ਤਤੀਆਂ,
ਮਿਟ ਮਿਟ ਫੇਰ ਖੁਲ੍ਹਾਵਨ;
ਆਸੰਙ ਘਟਦੀ ਝਮਕਣ ਮੰਦੀ,
ਤਾਂਘ ਦਰਸ ਦੀ ਵਧਦੀ:
ਭੁੱਖੀਆਂ ਦਰਦ ਰਞਾਣੀਆਂ ਅਖੀਆਂ
ਥੱਲੇ ਲੈਂਹਦੀਆਂ ਜਾਵਨ॥ ੪॥

ਤ੍ਰੇਲ ਤੇ ਸੂਰਜ

ਘਾਹ ਉੱਤੇ ਮੈਂ ਪਈ ਤ੍ਰੇਲ ਹਾਂ
ਨੈਣ ਨੈਣ ਹੋ ਰਹੀਆਂ,
'ਦਰਸ ਪਜਾਸ' ਵਿਚ ਨੈਣ ਭਰ ਰਹੇ,
ਪਾਣੀ ਪਾਣੀ ਹੋਈਆਂ;
'ਦਰਸ ਪਿਆਸ' ਹੁਣ ਰੂਪ ਮੇਰਾ ਹੈ
ਮੈਂ ਵਿਚ ਹੋਰ ਨ ਬਾਕੀ;–
ਚੜ੍ਹ ਅਰਸ਼ੋਂ, ਆ ਅੰਗ ਲਗਾ, ਮੈਂ
ਵਿਛੀ ਤੇਰੇ ਰਾਹ ਪਈਆਂ ।॥ ੫॥

ਮੈਡਾ ਪਿਆਰਾ

ਮੈਂ ਕੁੱਠੀ ਮੈਂ ਵਿੰਨ੍ਹੀਂ ਵੇ ਲੋਕਾ
ਉਸ ਕਲਗੀ ਦੀਆਂ ਅਣੀਆਂ,
ਮੈਂ ਜੇਹੀ ਜਿਨ੍ਹੇਂ ਲੱਖ ਪਰੋਤੀ,
ਲੱਖ ਖਲੋਤੀਆਂ ਤਣੀਆਂ ।
ਵਿਝ ਦਿਲ, ਹੋਰ ਵਿਝੀਵਣ ਚਾਹੇ,
ਪੀੜ ਛਿੜੇ, ਰਸ ਚਾੜ੍ਹੇ;
ਜਿੰਦ ਨਵੀਂ ਇਕ ਜਾਗੇ ਨੀ, ਚਖ ਚਖ
ਉਸ ਹੀਰੇ ਦੀਆਂ ਕਣੀਆਂ ॥ ੬ ॥

891.4214
V1-7

ਤਜਾਰੀਆਂ ਰਾਂਝਾ ਬੈਠਾ ਤਖ਼ਤ ਹਜ਼ਾਰੇ
ਨਾਲ ਭਾਬੀਆਂ ਅੜਦਾ,-
ਕੱਸਾ ਅਜੇ ਚੱਕ ਹੈ ਚੜ੍ਹਿਆ,-
ਹਥ ਘੁਮਿਆਰ ਉਸ ਘੜਦਾ,-
ਹੀਰ ਸੁਰਾਹੀ ਧਉਣ ਨਿਵਾਈ
ਖਲੀ ਝਨਾਂ ਦੀ ਕੰਧੀ;-
ਸ਼ਹੁ ਦਰਯਾ ਵੱਗੇ ਨਹੀਂ ਅਟਕੇ
ਤੁਪਕਾ ਤੁਪਕਾ ਖੜਦਾ ॥ ੭ ॥

ਬਦੀ ਦਾਖਾਂ ਤੇ ਅੰਗੂਰੀ ਸ਼ੀਸ਼ੇ
ਕੁਦਰਤ ਆਪ ਬਨਾਏ,
ਮਿੱਠੇ ਤੇ ਸੁਆਦੀ ਰਸ ਭਰ ਭਰ
ਵੇਲਾਂ ਗਲ ਲਟਕਾਏ;
ਤੂੰ ਉਹ ਤੋੜ ਮੱਟ ਵਿਚ ਪਾਏ,
ਰਖ ਰਖ ਕੇ ਤਰਕਾਏ,-
ਦੁਖ-ਦੇਵੇ ਦਾਰੂ ਉਸ ਵਿੱਚੋਂ
ਤੂੰ ਹਨ ਆਪ ਚੁਆਏ ॥ ੮ ॥

ਅਚੱਲ ਰਾਂਝਾ ਸਾਡਾ ਰਾਂਝਾ ਤਖਤ ਹਜ਼ਾਰੇ
ਤਖਤੋਂ ਕਦੀ ਨ ਉਠਦਾ,
ਝੰਗ ਸਿਆਲੀਂ ਬੈਠਿਆਂ ਸਾਨੂੰ
ਖਿੱਚਾਂ ਪਾ ਪਾ ਕੁਠਦਾ;
ਆਵੇ ਆਪ ਨ ਪਾਸ ਬੁਲਾਵੇ,
ਸੱਦ ਵੰਝਲੀ ਦੀ ਘੱਲੇ:
ਕੁੰਡੀ ਪਾ ਪਾਣੀ ਵਿੱਚ ਰੱਖਦਾ,-
ਰੁਠਦਾ ਹੈ ਕੇ ਤ੍ਰੁੱਠਦਾ ? ॥ ੯ ॥

ਸੁਹਣੇ ਹੱਥ ਸੁਰਾਹੀ ਪਿਆਲਾ
ਵੇਖ ਦੁਖੀ ਖ਼ੁਸ਼ ਹੋਈ;
ਖ਼ੁਸ਼ ਹੋਈ ਮੁਖ ਵੇਖ ਸਜਨ ਦਾ,
ਵੇਖ ਸੁਰਾਹੀ ਰੋਈ।
ਰੋਂਦੀ ਵੇਖ ਸਜਨ ਹਸ ਆਖੇ:-
'ਕਉੜੀ ਸ਼੍ਰਾਬ ਨ ਲਿਆਇਆ,-
'ਅੰਮ੍ਰਿਤ ਇਸ ਸੁਰਾਹੀ ਭਰਿਆ,
'ਪੀਏ ਤ ਜੀਵੇ ਸੋਈ' ॥ ੧੦ ॥
ਵਿਹ ਇਕ ਬੂੰਦ ਸੁਰਾਹੀਓਂ ਸਾਨੂੰ
ਸੋਚ ਸਮੁੰਦਰ ਬੋੜੇ;
ਬੇਖ਼ੁਦੀਆਂ ਦੇ ਚਾੜ੍ਹ ਅਰਸ਼ ਤੇ
ਆਸ ਅੰਦੇਸੇ ਤੋੜੇ;
ਰੰਗ ਸੁਹਾਵੇ ਤੇ ਨੌ ਰੰਗੀ
ਪੀਂਘ ਘੁਕੇ ਆਨੰਦੀ;
ਆਣ ਹੁਲਾਰੇ ਅਮਰ ਸੁਖਾਂ ਦੇ,
ਮੁੜਨ ਨਾ;-ਐਸਾ ਜੋੜੇ ॥ ੧੧ ॥

ਪਸਾਰੀ ਕਿ ਮਖੀਰ

ਤੋੜ ਗੁਲਾਬ ਪਸਾਰੀ ਲਿਆਇਆ
ਮਲ ਮਲ ਖੰਡ ਰਲਾਈ,—
ਭੀ ਕਉੜੱਤਣ ਰਹੀ ਸੁਆਦ ਵਿਚ
ਬਣੀ ਨ ਉਹ ਮਠਿਆਈ;
ਮੱਖੀ ਬਣ, ਕਣ ਰਸ ਜੋ ਚੂਣਦਾ,
ਤੋੜ ਨ ਆਬ ਗੁਆਂਦਾ,
ਮਾਲੀ ਨਾਲ ਨੇਹੁ ਨਾ ਟੁਟਦਾ,
ਰਸ ਪੀਂਦਾ ਸੁਖਦਾਈ ॥ ੧੩ ॥

ਗੁਲਾਬ ਦਾ ਫੁੱਲ, ਤੋੜਨ ਵਾਲੇ ਨੂੰ:-

ਡਾਲੀ ਨਾਲੋਂ ਤੋੜ ਨ ਸਾਨੂੰ,
ਅਸਾਂ ਹੱਟ 'ਮਹਕ' ਦੀ ਲਾਈ।
ਲਖ ਗਾਹਕ ਜੇ ਸੁੰਘੇ ਆਕੇ
ਖਾਲੀ ਇੱਕ ਨ ਜਾਈ;
ਤੂੰ ਜੇ ਇੱਕ ਤੋੜ ਕੇ ਲੈ ਗਿਓਂ,
ਇਕ ਜੋਗਾ ਰਹ ਜਾਸਾਂ,—
ਉਹ ਭੀ ਪਲਕ ਝਲਕ ਦਾ ਮੇਲਾ—
ਰੂਪ ਮਹਕ ਨੱਸ ਜਾਈ ॥ ੧੪ ॥

ਹੋਸ਼-ਮਸਤੀ

'ਕਿਉਂ ਹੋਯਾ?' ਤੇ 'ਕੀਕੂੰ ਹੋਯਾ?'
ਖਪ ਖਪ ਮਰੇ ਸਿਆਣੇ,—
ਓਸੇ ਰਾਹ ਪਵੇਂ ਕਿਉਂ ਜਿੰਦੇ
ਜਿਸ ਰਾਹ ਪੂਰ ਮੁਹਾਣੇ;
ਭਟਕਣ ਛੱਡ, ਲਟਕ ਲਾ ਇੱਕੋ,
ਖੀਵੀ ਹੋ ਸੁਖ ਮਾਣੀਂ:
ਹੋਸ਼ਾਂ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ ॥ ੧੫ ॥

ਮਤਾਨਤਾ ਬਾਗ਼ ਅ਼ਦਨ ਵਿਚ ਵਸਦਿਆਂ ਆਦਮ
ਕਣਕ, ਆਖਦੇ, ਖਾਧੀ,-
ਧੱਕਿਆ ਗਿਆ ਬਾਗ਼ ਤੋਂ ਸ਼ੁਹਦਾ
ਕੀਤਾ ਗਿਆ ਅਪਰਾਧੀ:
ਭਬਕੇ ਪਾ ਕੇ ਕਣਕ ਚੁਆਂਦਾ
ਰਸ ਪੀਂਦਾ ਜੇ ਆਦਮ,
ਅ਼ਦਨੋਂ ਹੋਰ ਉਚੇਰਾ ਹੁੰਦਾ,
ਅਟਲ ਮੱਲਦਾ ਗਾਧੀ ॥ ੧੬ ॥

ਹਠ-ਰਸ ਨਾ ਕਰ ਤਪ ਸਿੰਗੀ ਰਿਖ ਹਠੀਏ,
ਰੁੱਸ ਨ ਕੁਦਰਤ ਨਾਲੋਂ;
ਲੁਕਵੇਂ ਤੇਜ ਵੱਸਣ ਇਸ ਅੰਦਰ
ਸੂਖਮ ਹਨ ਜੋ ਵਾਲੋਂ:
ਹਠ ਤੋਂ ਟੱਪ, ਰੰਗੀਜ ਰੰਗ ਵਿਚ,
ਰਸੀਆ ਹੋ ਰਸ ਜਿੱਤੀਂ;
ਇਕ ਝਲਕਾਰੇ ਵਿੱਚ ਨਹੀਂ ਏ
ਗੁਆ ਦੇਸਣ ਇਸ ਹਾਲੋਂ ॥ ੧੭ ॥

ਬੇਖ਼ੁਦੀ ਬੇ ਖ਼ੁਦੀਆਂ ਦੀ ਬੂਟੀ ਇਕ ਦਿਨ
ਮੁਰਸ਼ਦ ਘੋਲ ਪਿਲਾਈ,
ਝੂਟਾ ਇੱਕ ਅਰਸ਼ ਦਾ ਆਇਆ
ਐਸੀ ਪੀਂਘ ਘੁਕਾਈ,-
ਘੂਕੀ ਘੁਕੇ ਚੜ੍ਹੇ ਤੇ ਘੂਕੇ
ਢਿੱਲੀ ਕਦੀ ਨ ਹੋਵੇ:
ਚਾਟ ਲਗਾਵਣ ਵਾਲਿਆ ਸਾਈਆਂ!
ਲਾਈ ਤੋੜ ਚੜ੍ਹਾਈਂ ॥ ੧੮ ॥

ਲੱਗੀਆਂ ਪੱਥਰ ਨਾਲ ਨੇਹੁੰ ਲਾ ਬੈਠੀ-
ਨਿਭਣ ਨਾਂ ਹੱਸੇ ਨਾ ਬੋਲੇ,
ਸੋਹਣਾ ਲੱਗੇ ਮਨ ਨੂੰ ਮੋਹੇ
ਘੁੰਡੀ ਦਿਲੋਂ ਨ ਖੋਲ੍ਹੇ;
ਛੱਡਿਆਂ ਛੱਡਣਾ ਜਾਂਦਾ ਨਾਹੀਂ,
ਮਿਲਿਆਂ ਨਿੱਘ ਨ ਕੋਈ:
ਹੱਛਾ ਜਿਵੇਂ ਰਜ਼ਾ ਹੈ ਤੇਰੀ,
ਅੱਖੀਅਹੁੰ ਹੋਹ ਨ ਉਹਲੇ ॥ ੧੯ ॥

ਅੱਜੋ ਅੱਜੋ ਪੀ ਤੇ ਹੁਣ ਹੀ ਪੀ ਤੇ
ਪੀਂਦਾ ਪੀਂਦਾ ਜਾਈਂ,
'ਪਿਰਮ-ਰਸਾਂ' ਦੇ ਪਿਆਲੇ ਨਾਲੋਂ
ਲਾਏ ਬੁੱਲ੍ਹ ਨ ਚਾਈਂ;
ਹਰ ਦਮ ਪੀ ਤੇ ਖੀਵਾ ਹੋ ਰਹੁ
ਇਹ ਮਸਤੀ ਨਾ ਉਤਰੇ;-
ਕਲ ਨੂੰ ਖਬਰੇ ਕਾਲ ਆਇਕੇ
ਦੇਵੇ ਖਾਕ ਰਲਾਈ ॥ ੨੦ ॥

ਉੱਚੀ ਮੱਤ ਫੜ ਫੜ ਦਿਲ ਨੂੰ ਬਹ ਬਹ ਜਾਵਾਂ
ਜਦ ਦਿਲਗੀਰੀਆਂ ਆਵਨ,
ਹਸ ਬੋਲੇ, ਹਸ ਤੱਕੇ ਸਾਂ ਜੋ
ਪਾ ਪਕੜਾਂ ਆ ਖਾਵਨ:
ਬੇਖੁਦੀਆਂ ਦੀ ਪੀਂਘੇ ਚੜ੍ਹਕੇ
ਕੀਕਣ ਮੈਂ ਸੁਖ ਪਾਵਾਂ,
ਹੇਠਾਂ ਖਿੱਚਣ ਵਾਲੀਆਂ ਰੋਕਾਂ
ਪਿੱਛਾ ਨਾ ਛੱਡ ਜਾਵਣ ॥ ੨੧ ॥

ਦਿਲ ਦੀਆਂ ਪਕੜਾਂ ਟੁੱਟਣ ਤਾਹੀਓਂ
ਜੇ ਉੱਰੇ ਨੂੰ ਪਕੜੇਂ,
ਉਹ ਖਿੱਚੇ, ਤੂੰ ਹੰਬਲਾ ਮਾਰੇਂ
ਹੱਥ ਪਾਇਕੇ ਤਕੜੇ,—
ਠੱਗ ਲਵੇਂ ਸੁੰਦਰਤਾ ਉਸਦੀ
ਅਪਨੇ ਹਿਤ ਵਿਚ ਖੈਨ੍ਹੇਂ,
ਪਹੁ ਪੰਧ ਤੇਰੇ ਹੋਣ ਮੋਕਲੇ
ਖੁੱਲ੍ਹ ਜਾਵਨ ਬੰਦ ਜਕੜੇ ॥ ੨੨ ॥

ਪਿੰਜਰੇ ਪਿਆ ਪੰਛੀ ਪਿੰਜਰੇ ਦੀ ਸਲਾਹੁਤ ਕਰਨ ਵਾਲੇ ਨੂੰ:—

ਜ਼ਾਲਮ ਖੜਾ ਹਵਾ ਖੁੱਲ੍ਹੀ ਵਿਚ
ਆਖੇ, 'ਪਿੰਜਰਾ ਸੋਹਣਾ',—
ਵਿਚ ਆ ਜਾਵੇਂ ਫਿਰ ਮੈਂ ਪੁੱਛਾਂ
'ਕਿੰਨਾ ਹੈ ਮਨ ਮੋਹਣਾ',
ਪਰ ਤੋਂ ਹੀਨ, ਧਰਾ ਦੇ ਕੈਦੀ
ਓ ਮੂਰਖ ਦਿਲ ਕਰੜੇ,
ਉੱਡਨਹਾਰੇ ਪੰਛੀ ਨੂੰ ਇਹ
ਸੋਹਣਾ ਹੈ ਜਿੰਦ ਕੋਹਣਾ ॥ ੨੩ ॥
ਜ਼ਾਲਮ ਨੂੰ ਰੰਗ ਸੋਹਣਾ ਲੱਗਾ,
ਮਿੱਠੀ ਲੱਗੀ ਬਾਣੀ,—
ਵਾਹ ਵਾਹ ਕਦਰ ਗੁਣਾਂ ਦੀ ਪਾਈ?
ਛਹਕੇ ਜਾਲੀ ਤਾਣੀ,
ਪਕੜ, ਪਿੰਜਰੇ ਪਾਇ, ਵਿਛੋੜਿਆ
ਸਾਕ ਸਨੇਹੀਆਂ ਨਾਲੋਂ:
ਭੱਠ ਪਵੇ ਇਹ ਕਦਰ ਤੁਸਾਡੀ
ਖੇਹ ਇਸ ਯਾਰੀ ਲਾਣੀ ॥ ੨੪ ॥

ਰਉਂ ਰੁਖ਼ ਸਾਗਰ ਪੁਛਦਾ, 'ਨਦੀਏ, ਸਾਰੇ
'ਬੂਟੇ ਬੂਟੀਆਂ ਲਿਆਵੇਂ,
ਪਰ ਨਾ ਕਦੀ ਬੈਂਤ ਦਾ ਬੂਟਾ
'ਇਥ ਆਨ ਪੁਚਾਵੇਂ ?'
ਨਦੀ ਆਖਦੀ, 'ਆਕੜ ਵਾਲੇ
'ਸਭ ਬੂਟੇ ਪਟ ਸੁੱਟਾਂ,
'ਪਰ ਜੋ ਝੁਕੇ ਵਗੇ ਰਉਂ ਰੁਖ਼ ਨੂੰ
'ਪੇਸ਼ ਨ ਉਸਤੇ ਜਾਵੇ' ॥ ੨੫ ॥

ਭੈ ਵਿੱਚ ਬੱਦਲ ਆਇਆ ਦੇਖ ਕੰਬਿਆ
ਪਰਬਤ,-ਸ਼ੋਰ ਮਚਾਇਆ:-
'ਮਿੱਠੇ ਬਣ ਅੰਦਰ ਵੜ ਲੋਟੂ,
'ਫਿਰ ਫੇਰਾ ਆ ਪਾਇਆ?
'ਕੱਜਣ ਐਡਾ ਕਿੱਥੋਂ ਲਿਆਵਾਂ,
'ਲਵੇ ਲੁਕਾ ਜੋ ਮੈਨੂੰ!
'ਹੇ ਸਰਪੋਸ਼ ਜਗਤ ਦੇ ਓਲ੍ਹਣ,
'ਰੱਖੋ ਕਰਕੇ ਦਾਇਆ' ॥ ੨੬ ॥

ਮਿੱਠੀ ਖਿਰਨ ਬੋਲਿਆ ਬੱਦਲ
ਹਿਰਦਾ ਚਮਕ ਦਿਖਾਇਆ;
'ਲੇਖਾ ਸਾਫ਼ ਨ ਮੈਂ ਕੁਛ ਪੱਲੇ,
'ਤੈਂ ਦਿੱਤਾ, ਵੰਡ ਆਇਆ:
'ਉਹ ਦਾਤਾ, ਭੰਡਾਰੀ ਤੂੰ ਹੈਂ,
'ਮੈਂ ਹਾਂ ਵੰਡਣ ਹਾਰਾ;
'ਭੈ ਵਿਚ ਕਾਰ ਤੁਸਾਂ ਮੈਂ ਕਰਨੀ-
'ਸਭ ਮਾਲਕ ਦੀ ਮਾਇਆ'॥੨੭॥

ਯਾਦ 'ਯਾਦ ਸਜਨ ਦੀ' ਹਰ ਦਮ ਰੈਂਹਦੀ
ਲਹ ਗਈ ਡੂੰਘੇ ਥਾਈਂ,
ਵਾਂਙ ਸੰਗੀਤ ਲਹਰ ਦੀ ਅੰਦਰ
ਬਨ ਗਈ ਰਾਗ ਇਲਾਹੀ,
ਦਾਰੂ ਵਾਂਗ ਸਰੂਰ ਚਾੜ੍ਹਦੀ,
ਤਰਬ ਵਾਂਙ ਥੱਰਰਾਵੇ,
ਖਿੱਚੇ ਤੇ ਰਸ ਭਿੰਨੀ ਕੱਸਕੇ-
ਲੱਗੇ ਫਿਰ ਸੁਖਦਾਈ॥ ੨੮ ॥

ਇਲਮ ਅਮਲ ਸਿਰ ਕਚਕੌਲ ਬਨਾ ਹਥ ਲੀਤਾ,
ਪੜ੍ਹਿਆਂ ਦੁਆਰੇ ਫ਼ਿਰਿਆ,
ਦਰ ਦਰ ਦੇ ਟੁਕ ਮੰਗ ਮੰਗ ਪਾਏ,
ਤੁੰਨ ਤੁੰਨ ਕੇ ਇਹ ਭਰਿਆ;
ਭਰਿਆ ਦੇਖ ਅੱਫਰਿਆ ਮੈਂ ਸਾਂ,
ਜਾਣਾਂ ਪੰਡਤ ਹੋਇਆ,-
ਟਿਕੇ ਨ ਪੈਰ ਜ਼ਿਮੀਂ ਤੇ ਮੇਰਾ
ਉੱਚਾ ਹੋ ਹੋ ਟੁਰਿਆ ॥ ੨੯ ॥

ਇਕ ਦਿਨ ਏ ਕਚਕੌਲ ਲੈ ਗਿਆ
ਮੁਰਸ਼ਦ ਮੂਹਰੇ ਧਰਿਆ;
ਜੂਠ ਜੂਠ ਕਰ ਉਸ ਉਲਟਾਇਆ
ਖ਼ਾਲੀ ਸਾਰਾ ਕਰਿਆ;
ਮਲ ਮਲ ਕੇ ਫਿਰ ਧੋਤਾ ਇਸਨੂੰ,
ਮੈਲ ਇਲਮ ਦੀ ਲਾਹੀ:
ਦੇਖੋ, ਏ ਕਚਕੌਲ ਲਿਸ਼ਕਿਆ,
ਕੰਵਲ ਵਾਂਗ ਫਿਰ ਖਿੜਿਆ!॥੩੦॥

ਅਮਲੀ ਸੋਫੀ ਦਿਹ ਇੱਕ ਬੂੰਦ ਸੁਰਾਹੀਓਂ ਸਾਨੂੰ,
ਇੱਕੋ ਹੀ ਦੇਹ ਸਾਈਂ,
ਅੱਧੀ ਅੱਧ ਪਚੱਧੀ ਦੇ ਦੇ
ਨਿੱਕੀ ਹੋਰ, ਗੁਸਾਈਂ!
ਇੱਕ ਵੇਰ ਇਕ ਕਣੀ ਦਿਵਾ ਦੇ,
ਸੂਫੀ ਅਸੀ ਨ ਰਹੀਏ,-
ਇੱਕ ਵੇਰ ਦਰ ਖੁਲਿਆਂ ਤਾਈਂ
ਸਾਈਂ, ਸੁਆਦ ਚਖਾਈਂ ॥ ੩੧ ॥

ਸੰਗੀਤ ਉੱਚੇ ਭਾਵ, ਵਲਵਲੇ ਸੋਹਣੇ,
ਸੂਖਮ ਰੰਗ ਸੁਹਾਵਨ,
ਸਰਦ ਮੇਹਰ ਦੁਨੀਆਂ ਨੂੰ ਮਿਲ ਮਿਲ
ਠਰ ਠਰ ਜਮ ਜੰਮ ਜਾਵਨ;-
ਰਾਗ ਇਨ੍ਹਾਂ ਨੂੰ ਨਿੱਘ ਪੁਚਾਵੇ
ਮੁੜ ਸੁਰਜੀਤ ਕਰਾਵੇ:
ਤਾਹੀਓਂ ਰਸੀਏ ਇਸ ਰਾਗ ਨੂੰ
"ਪੌੜੀ ਅਰਸ਼" ਸਦਾਵਨ ॥ ੩੨ ।

ਵਿਛੋੜਾ —ਵਸਲ ਸਾਬਣ ਲਾ ਲਾ ਧੋਤਾ ਕੋਲਾ,
ਦੁੱਧ ਦਹੀਂ ਵਿਚ ਪਾਇਆ,
ਖੁੰਭ ਚਾੜ੍ਹ, ਰੰਗਣ ਭੀ ਧਰਿਆ,
ਰੰਗ ਨ ਏਸ ਵਟਾਇਆ;
ਵਿੱਛੁੜ ਕੇ ਕਾਲਕ ਸੀ ਆਈ
ਬਿਨ ਮਿਲਿਆਂ ਨਹੀਂ ਲੈਂਹਦੀ:
ਅੰਗ ਅੱਗ ਦੇ ਲਾਕੇ ਦੇਖੋ
ਚੜ੍ਹਦਾ ਰੂਪ ਸਵਾਇਆ ॥ ੩੩ ।

ਬ੍ਰਿਛ ਧਰਤੀ ਦੇ ਹੇ ਤੰਗਦਿਲ ਲੋਕੋ,
ਨਾਲ ਅਸਾਂ ਕਿਉਂ ਸੜਦੇ ?
ਚੌੜੇ ਦਾਉ ਅਸਾਂ ਨਹੀਂ ਵਧਣਾ,
ਸਿੱਧੇ ਜਾਣਾ ਚੜ੍ਹਦੇ;
ਘੇਰੇ ਤੇ ਫੈਲਾਉ ਅਸਾਡੇ
ਵਿਚ ਅਸਮਾਨਾਂ ਹੋਸਣ;
ਗਿੱਠ ਥਾਉਂ ਧਰਤੀ ਤੇ ਮੱਲੀ,
ਅਜੇ ਤੁਸੀ ਹੋ ਲੜਦੇ ? ॥ ੩੪ ॥

ਲਾ ਮਕਾਂ ਦਿਲ ਵਰਜਿਆ ਨਹੀਂ ਰਹਾਂਦਾ
ਜਾ ਖਹਿੰਦਾ ਉਸ ਟਿਕਾਣੇ,-
ਇਕ ਲਾ ਮਕਾਨੀਂ ਡੇਰਾ
ਜਾ ਉਸਦੇ ਬੁਰਜ ਸਿਆਣੇਂ;
ਵਿਚ ਸਿਆਣ ਆਪ ਗੁੰਮ ਹੁੰਦਾ
ਰਹੇ ਅਗ੍ਹਾਂ ਪਿਛਾਂ ਨਾ ਜੋਗਾ;
ਜਦ ਮੁੜਦਾ, ਰਸ ਵਿਚ ਗੁਟਕੇ
ਪਰ ਦੱਸੇ ਨਾ ਕੁਝ ਜਾਣੇ ॥ ੩੫ ॥

ਉੱਚੀ ਨਜ਼ਰ ਉੱਚਾ ਉੱਠ ਜ਼ਿਮੀਂ ਤੋਂ ਪਿਆਰੇ,
ਤੈਨੂੰ ਖੰਭ ਰੱਬ ਨੇ ਲਾਏ,-
ਉਹ ਕਿਉਂ ਵਿੜ੍ਹੁ ਗੋਡਿਆਂ ਧਰਨੇ
ਜੋ ਉੱਡ ਅਸਮਾਨੀ ਜਾਏ ?
ਉੱਚੀ ਨਜ਼ਰ ਤੇ ਹਿੰਮਤ ਉੱਚੀ,
ਦਾਈਆ ਉੱਚਾ ਰੱਖੀਂ,-
ਅਰਸ਼ੀ ਤਾਲ ਜਿਹਦੇ ਹੋ ਪੱਲੇ
ਉਹ ਕਿਉਂ ਭੁੰਜੇ ਆਏ ? ॥ ੩੬ ॥

ਦੁਵੱਲੀ ਤਟ ਤੇ ਬੈਠ ਮੁਨੀ ਜੀ ਬਾਂਕੇ
ਝਾਕ ਦੁਹੁੰ ਵੱਲੀਂ ਹੀ ਝਾਕ ਰਹੇ,–
ਥਲ ਵੰਨੇ ਫਿਰ ਜਲ ਵੰਨੇ ਤੇ
ਫਿਰ ਥਲ ਫਿਰ ਜਲ ਤਾਕ ਰਹੇ:
ਗਰਦ ਪੈਣ ਤੇ ਭਿੱਜਣ ਕੋਲੋਂ
ਦੁਹੁੰ ਗੱਲੋਂ ਇਉਂ ਪਾਕ ਰਹੇ;
ਪਰ ਆਖਰ ਨੂੰ ਅੰਨ ਪਾਣੀਓਂ
ਵਾਂਜੇ ਗਏ ਦੁਫਾਂਕ ਰਹੇ ॥ ੩੭ ॥

ਕਿਵੇਂ ਦੇ ਦਰਸ਼ਨ ਅੱਖਾਂ ਮਸਤਾਂਦਾ
ਨ ਪਾ ਤਣਾਵਾਂ ਕੱਸਦਾ,
ਫਧੀਂਦਾ ਝਰਨਾਟਾਂ ਜੋ ਜਾਣ ਨ ਝੱਲੀਆਂ
ਮਨ ਨੂੰ ਪਾ ਪਾ ਦੱਸਦਾ;
ਥੱਲ੍ਹਾਂ ਤੇ ਬਹ ਕਦੇ ਆਪ ਆ
ਹੱਸੇ, ਰਸੇ, ਰਸਾਵੇ,
ਅੰਦਰ ਵੜੇ, ਵਲਵਲੇ ਛੇੜੇ
ਤੁਣਕੇ ਦੇ ਦਿਲ ਖੱਸਦਾ; ॥ ੩੮ ॥
ਮੋਹੀ ਮੱਤੀ ਤੇ ਰਸ ਲਹਰੀ
ਫੜਨ ਉੱਠਾਂ, ਉਠ ਨੱਸਦਾ;
ਮਿਲਿਆਂ ਫੜਿਆਂ ਹੱਥ ਨ ਆਵੇ
ਵੱਸ ਕਿਸੇ ਨਹੀਂ ਵੱਸਦਾ;
ਕੋਮਲ ਪਿਆਰ ਥੱਲ੍ਹਾਂ ਦੇ ਆਦਰ
ਕਿਵੇਂ ਫਧੀਂਦਾ ਨਾਹੀਂ,
ਪਾ ਭੁਲੇਵਾ ਤਿਲਕ ਜਾਂਵਦਾ,
ਗਲਵਕੜੀ ਨਹੀਂ ਫਸਦਾ ॥ ੩੯॥

ਖ਼੍ਰਿਛ ਧਰਤੀ ਦੇ ਹੇ ਤੰਗਦਿਲ ਲੋਕੋ,
ਨਾਲ ਅਸਾਂ ਕਿਉਂ ਸੜਦੇ?
ਚੌੜੇ ਦਾਉ ਅਸਾਂ ਨਹੀਂ ਵਧਣਾ,
ਸਿੱਧੇ ਜਾਣਾ ਚੜ੍ਹਦੇ;
ਘੇਰੇ ਤੇ ਫੈਲਾਉ ਅਸਾਡੇ
ਵਿਚ ਅਸਮਾਨਾਂ ਹੋਸਣ;
ਗਿੱਠ ਥਾਉਂ ਧਰਤੀ ਤੇ ਮੱਲੀ,
ਅਜੇ ਤੁਸੀ ਹੋ ਲੜਦੇ? ॥ ੩੪ ॥

ਲਾ ਮਕਾਂ ਦਿਲ ਵਰਜਿਆ ਨਹੀਂ ਰਹਾਂਦਾ
ਜਾ ਖਹਿੰਦਾ ਓਸ ਟਿਕਾਣੇ,-
ਇਕ ਲਾ ਮਕਾਨੀਂ ਡੇਰਾ
ਜਾ ਉਸਦੇ ਬੁਰਜ ਸਿਆਣੇਂ;
ਵਿਚ ਸਿਆਣ ਆਪ ਗੁਮ ਹੁੰਦਾ
ਰਹੇ ਅਗੂਾਂ ਪਿਛਾਂ ਨਾ ਜੋਗਾ;
ਜਦ ਮੁੜਦਾ, ਰਸ ਵਿਚ ਗੁਟਕੇ
ਪਰ ਦੱਸੇ ਨਾ ਕੁਝ ਜਾਣੇ ॥ ੩੫ ॥

ਉੱਚੀ ਨਜ਼ਰ ਉੱਚਾ ਉੱਠ ਜ਼ਿਮੀਂ ਤੋਂ ਪਿਆਰੇ,
ਤੈਨੂੰ ਖੰਭ ਰੱਬ ਨੇ ਲਾਏ,-
ਉਹ ਕਿਉਂ ਰਿੜ੍ਹੇ ਗੋਡਿਆਂ ਪਰਨੇ
ਜੋ ਉੱਡ ਅਸਮਾਨੀ ਜਾਏ?
ਉੱਚੀ ਨਜ਼ਰ ਤੇ ਹਿੰਮਤ ਉੱਚੀ,
ਦਾਈਆ ਉੱਚਾ ਰੱਖੀਂ,-
ਅਰਸ਼ੀ ਤਾਨ ਜਿਹਦੇ ਹੋ ਪੱਲੇ
ਉਹ ਕਿਉਂ ਭੁੰਜੇ ਆਏ? ॥ ੩੬ ॥

ਦੁਵੱਲੀ ਝਾਕ

ਤਟ ਤੇ ਬੈਠ ਮੁਨੀ ਜੀ ਥਾਂਕੇ
ਦੁਹੂੰ ਵੱਲੀਂ ਹੀ ਝਾਕ ਰਹੇ,—
ਥਲ ਵੰਨੇ ਫਿਰ ਜਲ ਵੰਨੇ ਤੇ
ਫਿਰ ਥਲ ਫਿਰ ਜਲ ਤਾਕ ਰਹੇ:
ਗਰਦ ਪੈਣ ਤੇ ਭਿੱਜਣ ਕੋਲੋਂ
ਦੁਹੂੰ ਗੱਲੋਂ ਇਉਂ ਪਾਕ ਰਹੇ;
ਪਰ ਆਖਰ ਨੂੰ ਅੰਨ ਪਾਣੀਓਂ
ਵਾਂਜੇ ਗਏ ਦੁਫਾਂਕ ਰਹੇ ॥ ੩੭ ॥

ਕਿਵੇਂ ਨ ਫਧੀਂਦਾ

ਦੇ ਦਰਸ਼ਨ ਅੱਖਾਂ ਮਸਤਾਂਦਾ
ਪਾ ਤਣਾਵਾਂ ਕੱਸਦਾ,
ਝਰਨਾਟਾਂ ਜੋ ਜਾਣ ਨ ਝੱਲੀਆਂ
ਮਨ ਨੂੰ ਪਾ ਪਾ ਦੱਸਦਾ;
ਬੁੱਲ੍ਹਾਂ ਤੇ ਬਹ ਕਦੇ ਆਪ ਆ
ਹੱਸੇ, ਰਸੇ, ਰਸਾਵੇ,
ਅੰਦਰ ਵੜੇ, ਵਲਵਲੇ ਛੇੜੇ
ਤੁਣਕੇ ਦੇ ਦਿਲ ਖੱਸਦਾ; ॥ ੩੮ ॥
ਮੋਹੀ ਮੱਤੀ ਤੇ ਰਸ ਲਹਰੀ
ਫੜਨ ਉੱਠਾਂ, ਉਠ ਨੱਸਦਾ;
ਮਿਲਿਆਂ ਫੜਿਆਂ ਹੱਥ ਨ ਆਵੇ
ਵੱਸ ਕਿਸੇ ਨਹੀਂ ਵੱਸਦਾ;
ਕੋਮਲ ਪਿਆਰ ਬੁੱਲ੍ਹਾਂ ਦੇ ਆਦਰ
ਕਿਵੇਂ ਫਧੀਂਦਾ ਨਾਹੀਂ,
ਪਾ ਭੁਲੇਵਾ ਤਿਲਕ ਜਾਂਵਦਾ,
ਗਲਵਕੜੀ ਨਹੀਂ ਫਸਦਾ ॥ ੩੯॥

ਹੱਦੋਂ ਪਾਰ ਨ ਹੋਈ

ਉੱਡੀ ਉੱਡ ਚੜ੍ਹੀ ਅਸਮਾਨੀਂ
ਬਦਲਾਂ ਤੇ ਜਾ ਬੈਠੀ ਛੋਪ,
ਓਥੇ ਭੀ ਅਸਮਾਨ ਇਹੋ, ਹਾਇ
ਤਣਿਆਂ ਨੀਲਾ ਸਿਰ ਸਿਰਟੋਪ।
ਉੱਡੀ ਹੋਰ ਤਬਕ ਚੌਦਾਂ ਤੇ
ਨਖਛਤਰਾਂ ਤੋਂ ਲੰਘੀਂ ਦੂਰ,
ਨਾਲੋ ਨਾਲ ਰਿਹਾ ਸਿਰ ਘੁੰਮਦਾ
ਚੱਕਰ ਦੇਂਦਾ ਨੀਲਾ ਘੋਪ ॥ ੪੦ ॥

ਰਾਗ ਦੀ ਸੁਰ

ਸੁਰ ਇਕ ਕੋਮਲ ਗਲਿਓਂ ਨਿਕਲੀ,
ਮੇਰੇ ਪਾਸ ਖੜੋਤੀ ਆਇ,
ਕੰਬੇ ਤੇ ਲਹਰੇ ਥੱਰਾਂਦੀ,
ਦਿੱਤੀ ਇਕ ਝਰਨਾਟ ਛਿੜਾਇ;
ਆਪਾ ਕੰਬ ਸਰੂਰ ਹੋ ਗਿਆ,
ਸੁਪਨ-ਵੰਨ ਰੰਗ ਰੂਪ ਅਰੂਪ,
ਅਰਸ਼ ਕੁਰਸ਼ ਦੇ ਝੂਟੇ ਝੂੰਮੇਂ
ਲਾ ਮਕਾਨੀ ਡੋਬ ਡੁਬਾਇ ॥ ੪੧ ॥

ਅਰਸ਼ਾਂ ਵੱਲ ਨਜ਼ਰ

ਅੱਖੀਆਂ ਜੇ ਘੁਮਿਆਰ ਮੈਂਡੜਾ
ਸਿਰ ਮੇਰੇ ਤੇ ਲਾਂਦਾ,
ਸਹੁੰ ਅੱਲਾ ਦੀ ਨਜ਼ਰ ਸਦਾ ਮੈਂ
ਅਰਸ਼ਾਂ ਵੱਲ ਰਹਾਂਦਾ;
ਹੁਣ ਅੱਖਾਂ ਹਨ ਮੱਥੇ ਥੱਲੇ,
ਰੁਖ਼ ਏਹਨਾਂ ਦਾ ਹੇਠਾਂ,
ਨੀਵੀਂ ਤਕ ਮੇਰੀ ਇਸ ਰੁਖ਼ ਤੋਂ
ਛੋਰ ਨ ਪਾਰ ਵਸਾਂਦਾ ॥ ੪੨ ॥

ਇਹ ਤਾਂ ਸੱਚ ਅਜ਼ਲ ਨੇ ਅੱਖਾਂ
ਸਿਰ ਤੇਰੇ ਨਹੀਂ ਲਾਈਆਂ;
ਪਰ ਗਿੱਰੀ ਦੀਆਂ ਨਾੜਾਂ ਉਸਨੇ
ਲਚਕਾਂ ਦੇ ਦੇ ਪਾਈਆਂ,
ਦਿੱਤੀ ਖੁੱਲ੍ਹ ਨਜ਼ਰ ਦੀ, ਤੱਕੇਂ
ਹੇਠਾਂ ਉੱਪ੍ਰ ਚੁਫੇਰੇ,-
ਹੁਣ ਜੇ ਲੋ ਉਤਾਹਾਂ ਲਾਵੇਂ
ਤਾਂ ਤੇਰੀਆਂ ਵਡਿਆਈਆਂ ॥੪੩॥

ਜਿਤ ਵਲ ਨਜ਼ਰ ਉਤੇ ਵਲ ਸੱਜਨ

ਨੈਣਾਂ ਦੇ ਵਿਚ ਸਜਨ ਬਹਾਇਆ
ਉਹ ਹੇਠਾਂ ਨੂੰ ਧਸਿਆ,
ਧਸਿਆ ਅੰਦਰਲੇ ਦੇ ਅੰਦਰ
ਜਾ ਡੂੰਘਾਣੀ ਫਸਿਆ;
ਨੈਣ ਮੀਟਿਆਂ ਅੰਦਰ ਦਿੱਸਦਾ,
ਖੁਹਲਿਆਂ ਬ੍ਹਾਰ ਦਿਸੀਵੇ,
ਜਿਤ ਵਲ ਨਜ਼ਰ ਉਤੇ ਵਲ ਦਿਸਦਾ,
ਵਣ ਤਿਣ ਸੱਜਣ ਵਸਿਆ ॥੪੪॥

ਨਾਮ, ਧਜਾਨ, ਰਜ਼ਾ

ਨਾਮ ਸਜਨ ਦਾ ਜੀਭ ਚੜ੍ਹ ਗਿਆ
ਜਾਂ ਸੱਜਨ ਉੱਠ ਤੁਰਿਆ,
ਮੇਲ ਲਏ ਦੋ ਨੈਣ ਧਜਾਨ ਨੇ,
ਸਬਕ ਰਜ਼ਾ ਦਾ ਫੁਰਿਆ;
ਬਿਰਹੋਂ ਦੇ ਹਥ ਸੌਂਪ ਅਸਾਨੂੰ
ਜੇ ਸੱਜਨ ਤੂੰ ਰਾਜ਼ੀ,
ਯਾਦ ਤੁਸਾਡੀ ਛੁਟੇ ਨ ਸਾਥੋਂ,
ਪਜਾਰ ਰਹੇ ਲੂੰ ਪੁੜਿਆ ॥ ੪੫ ॥

ਸਿਵਾਣ

ਮਿਸਰੀ ਕਿਸੇ ਬਨਾਂਦਿਆਂ, ਹੇਠਾਂ
ਜਦੋਂ ਕੜਾਹੀ ਲਾਹੀ,
ਕੋਲੇ ਕੋਲੇ ਖੰਡ ਹੋ ਗਈ
ਵੇਖ, ਵੇਖ ਪਛਤਾਹੀ,
ਹੇ ਭੋਲੇ, ਜਿਸ ਸੇਕ ਨਾਲ ਸੀ
ਸ਼ਰਬਤ ਮਿਸਰੀ ਬਣਨਾ,
ਤਾਰ ਸਿਞਾਤੀ ਨਹੀਂ ਉਸਦੀ,
ਸਿਆਣ ਬਿਨਾਂ ਸੁਖ ਨਾਹੀਂ ॥੪੬॥

ਦਰਦ ਦੇਖ ਦੁਖ ਆਂਦਾ

ਦੁਨੀਆਂ ਦਾ ਦੁਖ ਦੇਖ ਦੇਖ ਦਿਲ
ਦਬਦਾ ਦਬਦਾ ਜਾਂਦਾ,
ਅੰਦਰਲਾ ਪੰਘਰ ਵਗ ਟੁਰਦਾ
ਨੈਣੋਂ ਨੀਰ ਵਸਾਂਦਾ;
ਫਿਰ ਬੀ ਦਰਦ ਨ ਘਟੇ ਜਗਤ ਦਾ
ਚਾਹੇ ਆਪਾ ਵਾਰੋ;
ਪਰ ਪੱਥਰ ਨਹੀਂ ਬਣਿਆਂ ਜਾਂਦਾ
ਦਰਦ ਦੇਖ ਦੁਖ ਆਂਦਾ ॥ ੪੭ ॥

ਬਖਸ਼ਸ਼ ਤੇ ਕਰਮ

'ਤੂ ਪਾਪੀ, ਤੂ ਪਾਪੀ', ਕਹ ਕਹ,
ਪੰਡਤ ਜਿੰਦ ਸੁਕਾਈ;
ਬਖਸ਼ਣ ਵਾਲਾ ਮਿੱਤੋਂ ਬਾਹਰ,
ਅਸੀ ਮਿੱਤ ਵਿਚ, ਭਾਈ।
ਮਿਤ ਵਾਲੇ ਦੇ ਕਰਮ ਅਮਿੱਤੇ
ਕਦੇ ਨਹੀਂ ਹੋ ਸਕਦੇ;
ਬਖਸ਼ ਅਮਿੱਤੇ ਦੀ ਜਿਤ ਪਾਊ,
ਮਿਤ ਦੇ ਕਰਮ ਉਡਾਈ ॥ ੪੮ ॥

ਬਰਦਾ ਕਿ ਮਾਲਕ

ਇਕ ਮੇਲੇ ਵਿਚ ਫਿਰੇ ਆਦਮੀ
ਗਲ ਵਿਚ ਫੱਟੀ ਪਾਈ,—
ਫੱਟੀ ਤੇ ਲਿਖਿਆ, 'ਮੈਂ ਬਰਦਾ,
'ਵਿਕਾਂ, ਲਉ ਕੁਈ ਭਾਈ';
ਲੈਣ ਲਗੇ ਮੈਨੂੰ ਕਿਸਿ ਕਹਿਆ,
'ਏ ਮਾਲਕ ਨਹੀਂ ਟੋਲੇ,
'ਇਸ ਭੇਸ ਏ ਬਰਦਾ ਲੱਭੇ,
'ਚਾਹੇ ਹੁਕਮ ਚਲਾਈ' ॥ ੪੯ ॥

ਆਪੇ ਦਾ ਉਛਾਲ

ਆਪਾ ਉਛਲ, ਉਛਾਲੇ ਖਾਵੇ,
ਤਾਂ ਤੈਨ ਰਸ ਆਵੇ,
ਰਸ ਦੂਏ ਵਿਚ ਕਿੱਥੋਂ ਧਰਿਆ
ਜੋ ਤੈਨੂੰ ਭਰਮਾਵੇ ?
ਰਸ ਅਪਨਾ ਜੋ ਲਖੇਂ ਦੂਏ ਤੋਂ,
ਤੇਰਾ ਹਈ ਉਛਾਲਾ,—
ਸਮਝ, ਸੰਭਾਲ, ਉਛਾਲ ਆਪਨਾ,
ਟੋਟਾ ਫੇਰ ਨ ਆਵੇ ॥ ੫੦ ॥

ਰੋਸ਼ਨ ਆਰਾ ਦੀ ਸਮਾਧ ਤੇ

ਕਿਉਂ ਜਚਦੇ ਹਨ ਕਦਮ ਤੁਸਾਡੇ
ਬਾਗ਼ ਅਸਾਡਾ ਵੜਦੇ ?
ਅਰਜ਼ ਨ ਕਰਦੇ, ਮੰਗ ਨ ਮੰਗਦੇ,
ਪੱਲਾ ਅਸੀ ਨ ਫੜਦੇ,
ਖ਼ਾਕ ਬਾਗ਼ ਵਿਚ ਖ਼ਾਕ ਹੋ ਗਏ,
ਹੈ ਨਿਸ਼ਾਨ ਇੱਕ ਬਾਕੀ,
ਭਲਾ ਜਿ 'ਸਾਡੀ ਯਾਦ' ਕਦੇ ਇਹ
ਦਿਲ ਤੁਹਾਡੇ ਮੁੜ ਜੜ ਦੇ ॥ ੫੧ ॥

ਰੌਸ਼ਨ ਆਰਾਂ ਯਾਤ੍ਰੀਆਂ ਨੂੰ:-

ਮੇਰੀ ਕਬਰ ਉਦਾਲੇ ਕੁਦਰਤ
ਬਾਗ ਸੁਹਾਵਾ ਲਾਇਆ,
ਬਾਗ਼ ਸੈਰ ਨੂੰ ਸਭ ਕੋਈ ਆਵੇ
ਕਬਰੋਂ ਪਰੇ ਰਹਾਇਆ;
ਲੋਥ ਨਹੀਂ, ਵੇ ਲੋਕੋ, ਮੈਂ ਹਾਂ;
ਕਿਉਂ ਜਚਦੇ ਤੇ ਹਟਦੇ
ਫੁਲ, ਫਲ, ਫਲੀ, ਕਲੀ ਤੇ ਪੱਤੇ
ਮਹੀਓਂ ਰੂਪ ਵਟਾਇਆ ॥ ੫੨

ਦਿੱਲੀ ਦੀ ਇਕ ਬੇ ਨਿਸ਼ਾਂ ਸਮਾਧ ਉੱਤੇ

ਜੀਂਵਦਿਆਂ ਨਾ ਮਿਲਿਆ ਸੋਹਣਾ,
ਅੰਤ ਸਮੇਂ ਨਾ ਆਇਆ
ਮੁਖ ਯਾਤ੍ਰਾ ਨਾ ਕੀਤਜੁਸ ਆਕੇ,
ਸਿਹਰਾ ਬਿ ਨਾ ਭਿਜਵਾਯਾ
ਬਨੀ ਸਮਾਧ, ਜਗਤ ਆ ਢੁੱਕਾ,
ਸੋਹਣੇ ਝਾਤ ਨ ਪਾਈ;
ਸ਼ਾਲਾ ਮਿਟੇ ਨ ਤਾਂਘ ਅਸਾਡੀ,
ਤੁਸੀ ਕਰੋ ਮਨ ਭਾਇਆ ॥ ੫੩

ਆਪੇ ਵਿਚ ਆਪਾ

ਅੰਮੀਂ ਨੀ ਕਲ ਵਲ ਹੋ ਉਠੀਆਂ,
ਮੈਂ ਡਿੱਠਾ ਇਕ ਸੁਪਨਾ ਸੀ,
ਮੇਰੀ "ਮੈਂ" ਵਿਚ ਹੋਰ ਕੁਈ ਨੀ
ਦਿਸਨਾ ਸੀ, ਪਰ ਛੁਪਨਾ ਸੀ
ਮੁੰਹਦਾ ਤੇ ਝਰਨਾਟ ਛੇੜਦਾ,
ਚਸਕ ਮਾਰ ਠੰਢ ਪਾਵੇ ਓ;-
ਦੱਸ ਕੌਣ ਓ, ਕਦੋਂ ਵੜ ਗਿਆ,
ਕਿਉਂ ਦਿਸਨਾ, ਕਿਉਂ ਲੁਕਨਾ ਸੀ? ॥ ੫੪

ਬੰਦ-ਖਲਾਸੀ

ਸਾਨੂੰ ਅਜਬ ਸ਼ਿਕਾਰੀ ਮਿਲਿਆ
ਫੜ ਪਿੰਜਰੇ ਵਿਚ ਪਾਂਦਾ,
ਪਰ ਪਿੰਜਰਾ ਨਾ ਬੰਦ ਕਰਾਂਦਾ,
ਖਿੜਕੀ ਖੁੱਲ੍ਹੀ ਰਹਾਂਦਾ;
ਅਸੀ ਕਦੇ ਜੇ ਬੰਦ ਕਰਾਈਏ,
ਉਹ ਫਿਰ ਖੁਹਲੇ ਖਿੜਕੀ:
'ਬੰਦ-ਖਲਾਸੀ' ਕਰਕੇ ਕੱਠੀਆਂ
ਅਚਰਜ ਰੰਗ ਜਮਾਂਦਾ ॥ ੫੫ ॥

ਜੌਹਰੀ

ਸ਼ਹੁ ਦਰਯਾਏ ਖੇਡੰਦੜੀ ਨੂੰ
ਗੀਟੜੀਆਂ ਲਭ ਪਈਆਂ,
ਨਵੇਂ ਰੰਗ ਤੇ ਨਵੇਂ ਵੰਨ ਤੇ
ਨਵੇਂ ਸੁਹਜ ਫਬ ਰਹੀਆਂ;
ਪਰ ਮੈਂ ਗੀਟਿਆਂ ਵਾਂਗ ਉਛਾਲਾਂ,
ਬਾਲਾਂ ਵਾਂਙੂ, ਖੇਡਾਂ,
ਉੱਤੋਂ ਆ ਨਿਕਲਿਆ ਇਕ ਜੌਹਰੀ
ਉਨ ਗੀਟੀਆਂ ਚਾ ਲਈਆਂ॥੫੬॥
ਦੇਖ, ਪਰਖ, ਸਿਰ ਫੇਰ, ਆਖਦਾ,
'ਕੀ ਇਨ ਨਾਉਂ ਧਰਾਵੀਂ ?
ਨਾ ਨੌ ਰਤਨ, ਚੁਰਾਸੀ ਸੰਗ ਨ,
ਕੀਮਤ ਕਿਵੇਂ ਜਚਾਵੀਂ ?'
ਅਸਾਂ ਕਿਹਾ, 'ਛਡ ਖਹੜਾ ਹਾਲੇ,
ਖੇਡਣ ਦੇਹ ਖਾਂ ਸਾਨੂੰ,
ਗਿਣਤੀ ਜਦੋਂ ਤ੍ਰਿਆਨਵਿਓਂ* ਤੇਰੀ
ਵਧੂ, ਮੁੱਲ ਆ ਪਾਵੀਂ' ॥ ੫੭ ॥

12-9-55

---

*੮੪+੯=੯੩

Central NBD Pilot Project
LIBRARY
BHAI MOHAN SINGH Ji VAID
TARN TARAN